CS (MAIN) Exam:2016



# ਪੰਜਾਬੀ / PUNJABI

## ਪੇਪਰ I / Paper I

## ( ਸਾਹਿਤ ) / ( LITERATURE )

| ਨਿਰਧਾਰਿਤ ਸਮਾਂ : ਤਿੰਨ ਘੰਟੇ<br>Time Allowed : **Three Hours** | ਕੁੱਲ ਅੰਕ : 250<br>Maximum Marks : **250** |
|---|---|

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

*ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।*

*ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।*

*ਪ੍ਰਸ਼ਨ ਨੰਬਰ 1 ਅਤੇ 5 ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।*

*ਹਰ ਪ੍ਰਸ਼ਨ। ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।*

*ਪ੍ਰਸ਼ਨਾਂ ਦੇ ਉਤਰ **ਪੰਜਾਬੀ** ਵਿਚ ਹੀ ਦਿਓ ।*

*ਪ੍ਰਸ਼ਨਾਂ ਦੇ ਉਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।*

*ਪ੍ਰਸ਼ਨਾਂ ਦੇ ਉਤਰਾਂ ਦਾ ਮੁਲਾਂਕਣ ਕਰਦੇ ਸਮੇਂ ਉਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ । ਉਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।*

### QUESTION PAPER SPECIFIC INSTRUCTIONS

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Questions no. **1** and **5** are compulsory and out of the remaining, any **THREE** are to be attempted choosing at least **ONE** from each section.*

*The number of marks carried by a question / part is indicated against it.*

*Answers must be written in **PUNJABI**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

punjabiforias.com by Satinder Sir

## SECTION A

Q1. ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਲਗਭਗ 150 ਸ਼ਬਦਾਂ ਵਿਚ ਲਿਖੋ । *10×5=50*

(a) ਪੰਜਾਬੀ ਭਾਸ਼ਾ ਦੇ ਨਿਕਾਸ ਬਾਰੇ ਚਾਰ ਮੁਖ ਮਤ ਕਿਹੜੇ ਹਨ ? *10*

(b) ਪੰਜਾਬੀ ਦੀਆਂ ਵਿਅੰਜਨ ਧੁਨੀਆਂ ਦਾ ਵਰਗੀਕਰਣ ਕਿਨ੍ਹਾਂ ਆਧਾਰ 'ਤੇ ਕੀਤਾ ਜਾਂਦਾ ਹੈ ? ਪ੍ਰਚਲਿਤ ਵਰਗੀਕਰਣ ਦੀ ਪ੍ਰਮਾਣਕਤਾ ਵਿਚਾਰੋ । *10*

(c) ਪੂਰਬੀ ਪੰਜਾਬ ਦੀਆਂ ਮੁਖ ਉਪਭਾਸ਼ਾਵਾਂ ਕਿਹੜੀਆਂ ਹਨ ? ਮਾਝੀ ਉਪਭਾਸ਼ਾ ਨੂੰ ਕਿਨ੍ਹਾਂ ਆਧਾਰਾਂ 'ਤੇ ਮਲਵਈ ਅਤੇ ਦੋਆਬੀ ਨਾਲੋਂ ਪ੍ਰਮੁਖਤਾ ਪ੍ਰਾਪਤ ਹੈ ? *10*

(d) ਮੱਧਕਾਲੀਨ ਪੰਜਾਬੀ ਸਾਹਿਤ ਦੀ ਅਜੋਕੇ ਸੰਦਰਭ ਵਿਚ ਕੀ ਸਾਰਥਕਤਾ ਹੈ ? ਨਾਥ ਜੋਗੀ ਕਾਵਿ ਅਤੇ ਜਨਮਸਾਖੀ ਪਰੰਪਰਾ ਦੇ ਸੰਦਰਭ ਵਿਚ ਉੱਤਰ ਦਿਓ । *10*

(e) ਰੂਪ ਵਿਗਿਆਨ (ਮਾਰਫ਼ਾਲੋਜੀ) ਤੇ ਭਾਵਾਂਸ਼ ਜਾਂ ਰੂਪੀਮ (ਮਾਰਫ਼ੀਮ) ਦੇ ਸੰਕਲਪ ਸਪਸ਼ਟ ਕਰੋ । *10*

punjabiforias.com by Satinder Sir

Q2. ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਲਿਖੋ ।

(a) ਵਿਸ਼ਵੀਕਰਣ ਅਤੇ ਕੰਪਿਊਟਰੀਕਰਣ ਦੇ ਅਜੋਕੇ ਦੌਰ ਵਿਚ ਪੰਜਾਬੀ ਭਾਸ਼ਾ ਨੂੰ ਕਿਹੜੀਆਂ ਚਣੌਤੀਆਂ ਦਾ ਸਾਹਮਣਾ ਹੈ ? *10*

(b) ਵਾਕ ਵਿਉਂਤ ਤੋਂ ਕੀ ਭਾਵ ਹੈ ? ਪੰਜਾਬੀ ਵਾਕਾਂ ਵਿਚ ਵਾਕ-ਤੱਤਾਂ ਦੀ ਤਰਤੀਬ ਦੇ ਮੁਖ ਨੇਮ ਸਪਸ਼ਟ ਕਰੋ । *15*

(c) ਸੁਰ ਪ੍ਰਬੰਧ ਦੇ ਪਖੋਂ ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਨਿਖੜਵੇਂ ਲਛਣ ਸਪਸ਼ਟ ਕਰੋ । *15*

(d) ਮਧ ਕਾਲੀ ਸੂਫ਼ੀ ਕਾਵਿ ਦੀ ਪੰਜਾਬੀ ਸਾਹਿਤ ਨੂੰ ਕੀ ਦੇਣ ਹੈ ? *10*

**Q3.** ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਦਿਓ ।

(a) ਅਜੋਕੇ ਯੁਗ ਵਿਚ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਨੂੰ ਪੇਸ਼ ਵੰਗਾਰਾਂ ਅਤੇ ਸੰਭਾਵਨਾਵਾਂ ਦੀ ਜਾਣਕਾਰੀ ਦਿਓ । *10*

(b) ਕ੍ਰਿਆ ਤੇ ਕ੍ਰਿਆ-ਵਾਕਾਂਸ਼ ਦਾ ਅੰਤਰ ਸਪਸ਼ਟ ਕਰਦੇ ਹੋਏ ਕ੍ਰਿਆ-ਵਾਕਾਂਸ਼ ਦਾ ਸਰੂਪ ਵੇਰਵੇ ਸਹਿਤ ਸਪਸ਼ਟ ਕਰੋ । *15*

(c) ਪੰਜਾਬੀ ਦੀਆਂ ਅਖੰਡੀ ਧੁਨੀਆਂ ਬਾਰੇ ਜਾਣਕਾਰੀ ਦਿਓ । *10*

(d) ਪੋਠੋਹਾਰੀ ਅਤੇ ਮਾਝੀ ਉਪਭਾਸ਼ਾ ਦੇ ਨਿਖੇੜਵੇਂ ਲਛਣ ਦਸੋ । *15*

**Q4.** ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਲਿਖੋ ।

(a) ਮੱਧਕਾਲੀਨ ਪੰਜਾਬੀ ਕਾਵਿ ਦੇ ਮੂਲ ਸਰੋਕਾਰਾਂ ਅਤੇ ਪ੍ਰਵਿਰਤੀਆਂ ਦਾ ਉਲੇਖ ਕਰੋ । *20*

(b) ਮਧ ਕਾਲ ਦੀ ਵੀਰ ਕਾਵਿ ਧਾਰਾ ਦਾ ਉਸ ਕਾਲ ਦੇ ਸਾਹਿਤ ਵਿਚ ਕੀ ਯੋਗਦਾਨ ਹੈ ? *10*

(c) ਸਾਹਿਤ ਅਤੇ ਸਭਿਆਚਾਰ ਦੇ ਅਧਿਐਨ ਲਈ ਭਾਸ਼ਾ-ਵਿਗਿਆਨ ਦਾ ਮਹੱਤਵ ਉਜਾਗਰ ਕਰੋ । ਕੀ ਭਾਸ਼ਾ-ਵਿਗਿਆਨ ਕਿਸੇ ਭਾਸ਼ਾ ਦੀ ਵਿਕਾਸ-ਦਿਸ਼ਾ ਨਿਰਧਾਰਤ ਕਰ ਸਕਦਾ ਹੈ ? *10*

(d) ਪੰਜਾਬੀ ਵਿਚ ਤੱਤਸਮ ਅਤੇ ਤੱਦਭਵ ਸ਼ਬਦ-ਰੂਪ ਅਪਨਾਉਣ ਅਤੇ ਅਗੇਤਰਾਂ-ਪਿਛੇਤਰਾਂ ਨਾਲ ਸ਼ਬਦ ਨਿਰਮਾਣ ਦੀ ਪ੍ਰਕਿਰਿਆ ਦਾ ਉਲੇਖ ਕਰੋ । *10*

punjabiforias.com
by Satinder Sir

## SECTION B

**Q5. ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਲਗਭਗ 150 ਸ਼ਬਦਾਂ ਵਿਚ ਲਿਖੋ ।** *10×5=50*

(a) 'ਰਹੱਸਵਾਦ ਇਕ ਅਜਿਹਾ ਧਾਰਮਿਕ ਅਤੇ ਅਧਿਆਤਮਕ ਅਨੁਭਵ ਹੁੰਦਾ ਹੈ, ਜਿਸ ਵਿਚ ਅਦਿੱਖ, ਅਨੰਤ ਅਤੇ ਅਸੀਮ ਨੇੜੇ ਪ੍ਰਤੀਤ ਹੋਣ ਲਗ ਪੈਂਦਾ ਹੈ ।' ਪੰਜਾਬੀ ਦੀ ਰਹੱਸਵਾਦੀ ਕਾਵਿ-ਪਰੰਪਰਾ ਦਾ ਮਹੱਤਵ ਸਪਸ਼ਟ ਕਰੋ । *10*

(b) 'ਵਾਰਤਕਕਾਰ ਤਾਂ ਕੋਈ ਵੀ ਹੋ ਸਕਦਾ ਹੈ ਪਰ ਭਾਸ਼ਾ ਦਾ ਵਿਕਾਸ ਸ਼ੈਲੀਕਾਰ ਕਰਦੇ ਹਨ ।' ਪ੍ਰੋ. ਪੂਰਨ ਸਿੰਘ ਜਾਂ ਗੁਰਬਖਸ਼ ਸਿੰਘ ਪ੍ਰੀਤਲੜੀ ਨੂੰ ਇਕ ਸ਼ੈਲੀਕਾਰ ਸਿੱਧ ਕਰੋ । *10*

(c) 'ਪੰਜਾਬੀ ਲੋਕ-ਸਾਹਿਤ, ਲੋਕ-ਮਨ ਦੀ ਸਮੂਹਿਕ ਪੇਸ਼ਕਾਰੀ ਕਰਨ ਵਾਲਾ, ਇਕ ਸ਼ਕਤੀਸ਼ਾਲੀ ਸਭਿਆਚਾਰਕ ਪ੍ਰਗਟਾਵਾ ਹੈ ।' ਲੋਕ-ਗੀਤਾਂ ਦੇ ਹਵਾਲੇ ਨਾਲ ਚਰਚਾ ਕਰੋ । *10*

(d) 'ਪੰਜਾਬੀ ਕਵਿਤਾ ਦਾ ਮੂਲ ਚਰਿਤਰ ਪ੍ਰਗੀਤਕ ਹੈ ।' ਅੰਮ੍ਰਿਤਾ ਪ੍ਰੀਤਮ ਦੇ ਆਗਮਨ ਨਾਲ ਵਿਸ਼ੇ ਅਤੇ ਸ਼ਿਲਪ ਦੀ ਦ੍ਰਿਸ਼ਟੀ ਤੋਂ ਉਜਾਗਰ ਹੋਈਆਂ ਨਵੀਆਂ ਸੰਭਾਵਨਾਵਾਂ ਦਾ ਉਲੇਖ ਕਰੋ । *10*

(e) ਪੰਜਾਬੀ ਵਿਚ ਮਹਾਕਾਵਿ ਤਾਂ ਕਈ ਲਿਖੇ ਗਏ ਹਨ ਪਰ ਇਹ ਕੋਈ ਨਿਸਚਿਤ ਅਤੇ ਬੱਝਵੀਂ ਪਰੰਪਰਾ ਅਤੇ ਪਛਾਣ ਕਿਉਂ ਨਹੀਂ ਉਸਾਰ ਸਕੇ ? ਕਾਰਨ ਵਿਚਾਰੋ । *10*

punjabiforias.com
by Satinder Sir

**Q6. ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਲਿਖੋ ।**

(a) ਪ੍ਰੋ. ਪੂਰਨ ਸਿੰਘ ਦੀ ਪੰਜਾਬੀ ਵਾਰਤਕ ਦੀਆਂ ਵਿਸ਼ੇਸ਼ਤਾਈਆਂ ਅਤੇ ਦੇਣ ਉਤੇ ਇਕ ਨਿਬੰਧ ਲਿਖੋ । *20*

(b) 'ਨਾਟਕ ਅਤੇ ਰੰਗਮੰਚ ਦੇ ਪਖੋਂ ਬਲਵੰਤ ਗਾਰਗੀ, ਨਾਟਕੀ ਅਤੇ ਭਾਵਪੂਰਤ ਵਾਰਤਾਲਾਪ ਸਿਰਜ ਕੇ, ਦ੍ਰਿਸ਼ ਹੀ ਨਹੀਂ, ਵਾਤਾਵਰਣ ਵੀ ਉਸਾਰ ਦਿੰਦਾ ਹੈ ।' ਚਰਚਾ ਕਰੋ । *10*

(c) ਪ੍ਰਯੋਗਵਾਦੀ ਕਾਵਿ ਧਾਰਾ ਦੇ ਮਨੋਰਥ ਅਤੇ ਪ੍ਰਾਪਤੀ ਬਾਰੇ ਸੰਖੇਪ ਜਾਣਕਾਰੀ ਦਿਓ । *10*

(d) 'ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਨਿਮਨ-ਕ੍ਰਿਸਾਣੀ ਦੀਆਂ ਸਮੱਸਿਆਵਾਂ ਦੇ ਤ੍ਰਾਸਦਿਕ ਰੂਪਾਂ ਦੀ ਪੇਸ਼ਕਾਰੀ ਹੋਈ ਹੈ ।' ਚਰਚਾ ਕਰੋ । *10*

**Q7.** ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਲਿਖੋ ।

(a) ਪੰਜਾਬੀ ਦੀ ਰੋਮਾਂਟਿਕ ਕਾਵਿਧਾਰਾ ਦੀਆਂ ਪ੍ਰਾਪਤੀਆਂ ਅਤੇ ਕਮਜ਼ੋਰੀਆਂ ਦਾ ਉਲੇਖ ਕਰੋ । *10*

(b) 'ਪੰਜਾਬੀ ਵਿਚ ਕਹਾਣੀ ਲਿਖਣ ਦਾ ਕੋਈ ਨਿਸਚਿਤ ਸਿਧਾਂਤ ਨਾ ਹੋਣ ਦੇ ਬਾਵਜੂਦ ਸਾਹਿਤ ਦੇ ਇਸ ਰੂਪਾਕਾਰ ਨੇ ਨਿੱਗਰ ਪ੍ਰਾਪਤੀਆਂ ਕੀਤੀਆਂ ਹਨ ।' ਟਿੱਪਣੀ ਕਰੋ । *10*

(c) ਗੀਤ ਤੇ ਲੋਕ ਗੀਤ ਵਿਚ ਅੰਤਰ ਸਪਸ਼ਟ ਕਰੋ । *10*

(d) ਪੰਜਾਬੀ ਭਾਸ਼ਾ, ਸਾਹਿਤ, ਸਮਾਜ ਅਤੇ ਸਭਿਆਚਾਰ ਉਤੇ ਸੋਚ ਅਤੇ ਵਿਹਾਰ ਦੇ ਪਖੋਂ ਪੈ ਰਹੇ, ਪੱਛਮੀ ਪ੍ਰਭਾਵਾਂ ਦੇ ਗੁਣ-ਦੋਸ਼ ਪਰਖੋ । *20*

**Q8.** ਪ੍ਰਸ਼ਨ ਦੇ ਹਰੇਕ ਭਾਗ ਦਾ ਉੱਤਰ ਲਿਖੋ ।

(a) ਪੰਜਾਬੀ ਦੇ ਨਵ-ਪ੍ਰਗਤੀਵਾਦੀ ਕਾਵਿ ਵਿਚ ਰੋਹ ਅਤੇ ਵਿਦਰੋਹ ਦੀ ਪ੍ਰਚੰਡ ਭਾਵਨਾਂ ਦੇ ਸਮਾਜਿਕ-ਸਭਿਆਚਾਰਕ ਅਤੇ ਸਿਧਾਂਤਕ ਆਧਾਰ ਕੀ ਹਨ ? *10*

(b) ਸ਼ਿਵ ਕੁਮਾਰ ਬਟਾਲਈ ਦੇ ਜਵਾਨ ਪੀੜ੍ਹੀ ਵਿਚ ਹਰਮਨ-ਪਿਆਰ ਗੀਤਕਾਰ ਹੋਣ ਦੇ ਕਾਰਨਾਂ ਦਾ ਲੇਖਾ-ਜੋਖਾ ਪ੍ਰਸਤੁਤ ਕਰੋ । *20*

(c) ਆਧੁਨਿਕ ਪੰਜਾਬੀ ਨਾਟਕ ਦੀਆਂ ਮੁਖ ਪ੍ਰਵਿਰਤੀਆਂ ਦੀ ਸੰਖੇਪ ਜਾਣਕਾਰੀ ਦਿਓ । *20*

punjabiforias.com by Satinder Sir